# ਪ੍ਰੈਸ ਰਿਲੀਜ਼

## ਕੀ ਤੁਸੀਂ ੧੯ ਅਗਸਤ ਨੂੰ ਇੱਕ ਮਨੁੱਖਤਾਵਾਦੀ ਬਣਨਾ ਚਾਹੋਗੇ ??

ਵਿਸ਼ਵਵਿਆਪੀ ( ੧੭ ਅਗਸਤ ੨੦੧੭ ) – ਕੀ ਤੁਸੀਂ ਅਗਸਤ ੧੯ ਨੂੰ, ਜੋ ਕਿ ਵਿਸ਼ਵ ਮਾਨਵਤਾਵਾਦੀ ਦਿਵਸ ਹੈ, ਕਿਸੇ ਦੀ ਮਦਦ ਕਰ ਕੇ, ਇਕ ਮਾਨਵਤਾਵਾਦੀ ਬਣਨਾ ਚਾਹੋਗੇ ? ਸ਼ਨੀਵਾਰ ੧੯ ਅਗਸਤ ਨੂੰ, ਕਿਸੇ ਲੋੜਵੰਦ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਨਾ ਕਰੋ, ਕਿਸੇ ਵੀ ਪਹਿਲੇ ਲੋੜਵੰਦ ਵਿਅਕਤੀ ਦੀ ਮਦਦ ਕਰ ਕੇ ਇਕ ਮਾਨਵਤਾਵਾਦੀ ਬਣੋ ।

WHD 2017 ਲਈ ਮਾਨਵਤਾਵਾਦੀ ਭਾਈਵਾਲ ਇਕੱਠੇ ਮਿਲ ਰਹੇ ਹਨ ਤਾਂ ਕਿ ਮੁੜ ਪੁਸ਼ਟੀ ਕੀਤੀ ਜਾ ਸਕੇ ਕਿ ਸੰਘਰਸ਼ ਵਿਚ ਫਸੇ ਹੋਏ ਨਾਗਰਿਕ ਨਿਸ਼ਾਨਾ ਨਾ ਬਣਨ – #NotATarget

**ਵਿਸ਼ਵ ਮਨੁੱਖਤਾਵਾਦੀ ਦਿਵਸ ੨੦੧੭ ਲਈ, ਤੁਸੀਂ ਇਹ ਕਰ ਸਕਦੇ ਹੋ :**

1. ਫੇਸਬੁਕ ਲਾਈਵ ਦੇ ਨਾਲ, ਇਕ ਗਲੋਬਲ ਆਨਲਾਈਨ ਮੁਹਿੰਮ ਦੁਆਰਾ, ਤੁਸੀ ਟਵਿੱਟਰ ਅਤੇ ਫੇਸਬੁਕ ਦੇ ਜ਼ਰੀਏ. http:// worldhumanitarianday.org/ ਤੇ ਇਹ ਮੰਗ ਕਰ ਸਕਦੇ ਹੋ ਕਿ ਵਿਸ਼ਵ ਦੇ ਆਗੂ, ਆਮ ਨਾਗਰਿਕਾਂ ਦੀ ਰਖਿਆ ਕਰਨ।

2. ਕੀ ਤੁਸੀਂ, ਕਈ ਵਾਰੀ ਜਦੋਂ ਭਿਖਾਰੀ ਨੂੰ ਵੇਖਦੇ ਹੋ ਜਾਂ ਮਦਦ ਲਈ ਪੁਕਾਰ ਸੁਣਦੇ ਹੋ, ਤਾਂ ਦੇਖ ਕੇ ਅਣਡਿੱਠਾ ਕਰ ਦਿੰਦੇ ਹੋ? ੧੯ ਅਹਸਤ ਨੂੰ, ਇੱਕ ਮਨੁਖਤਾਵਾਦੀ ਬਣੋਂ ਅਤੇ ਕਿਸੇ ਲੋੜਵੰਦ ਦੀ ਮਦਦ ਕਰੋ।

3. ਸਦਭਾਵਨਾ ਫੈਲਾਉਣ ਲਈ, ਇਸ ਪੋਸਟਰ ਨੂੰ ਸਾਂਝਾ ਕਰੋ ਅਤੇ ਸਾਨੂੰ ਆਪਣੇ ਮਨੁਖਤਾਵਾਦੀ ਕੰਮਾਂ ਦੀਆਂ ਫੋਟੋਆਂ ਜਾਂ ਵੀਡੀਓ ਭੇਜੋ ਅਤੇ #IamAHumanitarian and #UnitedSikhs ਤੇ ਟੈਗ ਕਰੋ।

ਯੁਨਾਈਟਿਡ ਸਿੱਖਜ਼ ਯੂ.ਐਨ. ਨਾਲ ਸੰਬੰਧਿਤ, ਅੰਤਰਰਾਸ਼ਟਰੀ ਮਾਨਵਤਾਵਾਦੀ ਰਾਹਤ ਐਨ.ਜੀ.ਓ ਹੈ ਜੋ ੧੯੯੯ ਵਿੱਚ ਨਿਊਯਾਰਕ ਵਿੱਚ ਸਥਾਪਤ ਕੀਤੀ ਗਈ ਸੀ। ਹੁਣ ਤੱਕ ਸਾਡੇ ਵਾਲੰਟੀਅਰਾਂ ਨੇ ਭੁਚਾਲ ਵਿਚ, ਹੜਾਂ ਜਾਂ ਚੱਕਰਵਾਤ ਦੇ ਬਾਅਦ, ਯੁੱਧ ਖੇਤਰਾਂ ਵਿੱਚ ੨੬ ਮਾਨਵਤਾਵਾਦੀ ਰਾਹਤ ਪ੍ਰੋਜੈਕਟਾਂ ਰਾਹੀਂ ਮਨੁੱਖਤਾ ਦੀ ਸੇਵਾ ਕੀਤੀ ਹੈ। ਸਾਡਾ ਸਭ ਤੋਂ ਨਵੀਨਤਮ ਪ੍ਰੋਜੈਕਟ, ਬੰਗਲਾਦੇਸ਼ ਵਿੱਚ, ਮੋਰਾ ਤੂਫਾਨ ਦੇ ਪੀੜਤਾਂ ਲਈ ਸੀ। ਸਾਡੇ ੨੭ਵੇਂ ਮਾਨਵਤਾਵਾਦੀ ਪ੍ਰੋਜੈਕਟ ਲਈ, ਅਸੀਂ ਚਾਹੁੰਦੇ ਹਾਂ ਕਿ ੧੯ ਅਗਸਤ ਨੂੰ, ਹਰ ਕੋਈ ਮਨੁੱਖਤਾਵਾਦੀ ਬਣੇ।

ਵਿਸ਼ਵ ਮਾਨਵਤਾਵਾਦੀ ਦਿਵਸ ਨੂੰ ਦਰਸਾਉਣ ਲਈ, ਯੁਨਾਈਟਿਡ ਸਿੱਖਜ਼ ਦੇ ਵਾਲੰਟੀਅਰ ਗੁਰਦਾਸਪੁਰ (ਪੰਜਾਬ), ਦੇ ਸਰਹੱਦੀ ਖੇਤਰ ਵਿਚ ਇਤਿਹਾਸਕ ਗੁਰਦੁਆਰਾ, ਟਾਹਲੀ ਸਾਹਿਬ ਵਿਖੇ ੨੭ ਅਗਸਤ ਨੂੰ ਇਕ ਹੈਲਥ ਅਤੇ ਮੈਡੀਕਲ ਕੈਂਪ ਲਾਂਚ ਕਰਨਗੇ । ਇਸ ਤੋਂ ਬਾਅਦ, ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਇਹ ਮਾਸਿਕ ਕੈਂਪ ਲਗਾਇਆ ਜਾਵੇਗਾ।

ਜੇ ਤੁਸੀਂ ਇਕ ਮਾਨਵਤਾਵਾਦੀ ਕਾਰਜ ਬਾਰੇ ਨਹੀਂ ਸੋਚ ਸਕਦੇ ਤਾਂ, ਕੀ ਤੁਸੀਂ ਯੁਨਾਈਟਿਡ ਸਿਖੱਜ਼ ਦੇ ਰੈਸਕਯੂ ਏ ਫੈਮਿਲੀ (ਆਰ.ਏ.ਐਫ) ਪ੍ਰੋਜੈਕਟ ਅਧੀਨ, ਇਕ ਕਿਸਾਨ ਦੀ ਵਿਧਵਾ ਦੀ ਪੈਨਸ਼ਨ ਨੂੰ ਸਪਾਂਨਸਰ ਕਰਨਾ ਪਸੰਦ ਕਰੋਗੇ ? ਆਰ.ਏ.ਐਫ ਅਤੇ ਕਿਸਾਨ ਖੁਦਕੁਸ਼ਿਆਂ ਦੀ ਸਮੱਸਿਆ ਬਾਰੇ ਹੋਰ ਜਾਨਣ ਲਈ, ਕਿਰਪਾ ਕਰਕੇ ਇਥੇ ਜਾਓ: http://www.unitedsikhs.org/makepovertyhistory/

ਮੌਜੂਦਾ ਸਮੇਂ, ਯੁਨਾਈਟਿਡ ਸਿਖੱਜ਼ ੧੭੦ ਕਿਸਾਨਾਂ, ਜਿਹਨਾਂ ਨੇ ਖੁਦਕੁਸ਼ੀ ਕੀਤੀ ਹੈ, ਦੀਆਂ ਵਿਧਵਾਵਾਂ ਨੂੰ ੧੦੦੦ ਰੁਪਏ ਮਾਸਿਕ ਪੈਨਸ਼ਨ ਦੇ ਕੇ ਸਥਾਈ ਸਮਰਥਨ ਪ੍ਰਦਾਨ ਕਰ ਰਿਹਾ ਹੈ ਅਤੇ ਉਮੀਦ ਕਰਦਾ ਹੈ ਕਿ ੨੦੧੯ ਤੱਕ, ੧੦੦੦ ਐਸੇ ਪਰਿਵਾਰਾਂ ਦੀ ਮਦਦ ਕਰ ਸਕੇ ।

ਤੁਸੀਂ ੧੦੦੦ ਰੁਪਏ / $ ੧੬ / ੧੨ ਪੌਂਡ ਦਾ ਮਹੀਨਾਵਾਰ ਦਾਨ ਸ਼ੁਰੂ ਕਰ ਸਕਦੇ ਹੋ, ਤਾਂ ਜੋ ਕਿਸਾਨ ਵਿਧਵਾਵਾਂ ਦੇ ਬੱਚੇ ਆਪਣੇ ਸਕੂਲ ਨਾ ਛੱਡਣ ਅਤੇ ਬਾਲ ਮਜ਼ਦੂਰੀ ਲਈ ਮਜਬੂਰ ਨਾ ਕੀਤੇ ਜਾਣ । ਤੁਸੀਂ ਇਕ ਪਰਿਵਾਰ ਨੂੰ ਬਚਾਉਣ ਲਈ ਇਥੇ ਦਾਨ ਕਰ ਸਕਦੇ ਹੋ: http://www.unitedsikhs.org/donate.php

ਜਾਰੀਕਰਤਾ –

ਹਰਪ੍ਰੀਤ ਕੌਰ

ਯੂਨਾਈਟਿਡ ਸਿੱਖਜ਼

ਪ੍ਰੋਜੈਕਟ ਕੋਆਰਡੀਨੇਟਰ

Sikhaid@unitedsikhs.org